ਸਾਡੀ ਗਿਣਤੀ ਕਰੋ 2020

ਗਿਣੇ ਜਾਣ ਵਿਚ ਸ਼ਕਤੀ ਹੈ

ASIAN AMERICANS ADVANCING JUSTICE

COUNTUSIN2020.ORG

# ਜਨਗਣਨਾ ਦੀ ਗੁਪਤਤਾ

***ਸਵਾਲ? ਅੰਗ੍ਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਸਹਾਇਤਾ ਲਈ ਸਾਡੀ ਮਰਦਮਸ਼ੁਮਾਰੀ ਦੀ ਹਾਟਲਾਈਨ ਨੂੰ 844-2020-API ਤੇ ਕਾਲ ਕਰੋ। ਵਧੇਰੇ ਜਾਣਕਾਰੀ ਲਈ www.CountUsIn2020.org/hotline ਤੇ ਜਾਓ।***

ਜਨਗਣਨਾ ਵਿੱਚ ਸੰਯੁਕਤ ਰਾਸ਼ਟਰ ਵਿੱਚ ਰਹਿ ਰਹੇ ਸਾਰੇ ਲੋਕਾਂ ਦੀ ਗਿਣਤੀ ਕੀਤੀ ਜਾਂਦੀ ਹੈ

- ਜਨ-ਗਣਨਾ ਇਸ ਚੀਜ਼ ਨੂੰ ਪ੍ਰਭਾਵਿਤ ਕਰਦੀ ਹੈ ਕਿ ਤੁਹਾਡੇ ਖੇਤਰ ਵਿੱਚ ਸਕੂਲਾਂ, ਸਿਹਤ-ਦੇਖਭਾਲ, ਅਤੇ ਹੋਰਨਾਂ ਜ਼ਰੂਰੀ ਸੇਵਾਵਾਂ ਲਈ ਕਿੰਨੀ ਪੂੰਜੀ ਨਿਰਧਾਰਿਤ ਕੀਤੀ ਜਾਂਦੀ ਹੈ -- ਤੁਹਾਡੇ ਇਲਾਕੇ ਵਿੱਚ ਜਿੰਨੇ ਵੱਧ ਲੋਕਾਂ ਦੀ ਗਿਣਤੀ ਹੋਵੇਗੀ, ਤੁਹਾਡੇ ਇਲਾਕੇ ਨੂੰ ਓਨੀ ਹੀ ਵੱਧ ਪੂੰਜੀ ਮਿਲੇਗੀ।
- ***ਜਨਗਣਨਾ ਵਿੱਚ ਹਿੱਸਾ ਲੈ ਕੇ, ਤੁਸੀਂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹੋ ਕਿ ਤੁਹਾਡੇ ਪਰਿਵਾਰ ਅਤੇ ਇਲਾਕੇ ਨੂੰ ਪੂੰਜੀ, ਸੇਵਾਵਾਂ ਅਤੇ ਰਾਜਸੀ ਨੁਮਾਇੰਦਗੀ ਦਾ ਚੋਖਾ ਹਿੱਸਾ ਮਿਲਦਾ ਹੈ!***

ਜਨਗਣਨਾ ਵਿੱਚ ਬੁਨਿਆਦੀ ਸਵਾਲ ਪੁੱਛੇ ਜਾਂਦੇ ਹਨ, ਜਿਸ ਵਿੱਚ ਤੁਹਾਡੇ ਪਰਿਵਾਰ ਵਿੱਚ ਰਹਿ ਰਹੇ ਹਰ ਇੱਕ ਵਿਅਕਤੀ ਦੀ ਉਮਰ, ਨਾਮ, ਨਸਲ, ਅਤੇ ਜਾਤੀ ਪੁੱਛਣਾ ਸ਼ਾਮਲ ਹੈ। **2020 ਦੀ ਜਨਗਣਨਾ ਵਿੱਚ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਬਾਰੇ *ਨਹੀਂ* ਪੁੱਛਿਆ ਜਾਵੇਗਾ।**

## ਜਨਗਣਨਾ ਲਈ ਤੁਹਾਡੇ ਵੱਲੋਂ ਦਿੱਤੇ ਜਵਾਬ ਪੂਰੀ ਤਰ੍ਹਾਂ ਗੁਪਤ ਰਹਿਣਗੇ।

- ਤੁਹਾਡੇ ਵੱਲੋਂ ਦਿੱਤੇ ਜਨਗਣਨਾ ਦੇ ਜਵਾਬਾਂ ਦੀ ਰੱਖਿਆ ਬੇਹਦ ਸਖ਼ਤ ਕਨੂੰਨ ਕਰਦੇ ਹਨ।
- ਜਨਗਣਨਾ ਵਿਭਾਗ ਨੂੰ ਕਿਸੇ ਨਾਲ ਵੀ (ICE, ਪੁਲਿਸ, ਜਾਂ ਕਿਸੇ ਹੋਰ ਸਰਕਾਰੀ ਏਜੰਸੀਆਂ ਦੇ ਸਮੇਤ) ਤੁਹਾਡੀ ਨਿੱਜੀ ਜਾਣਕਾਰੀ ਸਾਂਝੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ।
- ਜਨਗਣਨਾ ਵਿਭਾਗ ਤੁਹਾਡੇ ਜਵਾਬਾਂ ਦੀ ਵਰਤੋਂ ਸਿਰਫ ਜਨਸੰਖਿਆ ਦੇ ਬਾਰੇ ਸਧਾਰਨ ਜਾਣਕਾਰੀ ਸਿਰਜਣ ਲਈ ਕਰ ਸਕਦਾ ਹੈ, ਜਿਵੇਂ ਕਿ ਤੁਹਾਡੇ ਸ਼ਹਿਰ ਵਿੱਚ ਕਿੰਨੇ ਲੋਕ ਰਹਿੰਦੇ ਹਨ, ਅਤੇ ਉਮਰ, ਲਿੰਗ ਅਤੇ ਨਸਲ ਦੇ ਅੰਕੜੇ। ਜਨਗਣਨਾ ਵਿਭਾਗ ਤੁਹਾਡੀ ਜਾਣਕਾਰੀ ਨੂੰ ਕਿਸੇ ਵਿਅਕਤੀ-ਵਿਸ਼ੇਸ਼ ਵਜੋਂ ਸਾਂਝਾ ਨਹੀਂ ਕਰ ਸਕਦਾ।

ਕਨੂੰਨ ਵੱਲੋਂ ਇਹ ਲੋੜੀਂਦਾ ਹੈ ਕਿ ਹਰ ਇੱਕ ਵਿਅਕਤੀ ਜਨਗਣਨਾ ਦੇ ਸਾਰੇ ਸਵਾਲਾਂ ਦੇ ਜਵਾਬ ਦੇਵੇ ਅਤੇ ਸਾਰੇ ਸਵਾਲਾਂ ਦੇ ਜਵਾਬ ਸੱਚਾਈ ਨਾਲ ਦੇਵੇ। ਜਨਗਣਨਾ ਦੇ ਜਵਾਬਾਂ ਵਿੱਚ ਝੂਠ ਨਾ ਬੋਲੋ।

ਜੇਕਰ ਤੁਸੀਂ ਆਪਣਾ ਨਾਮ ਅਤੇ ਪਤਾ ਦਿੰਦੇ ਹੋ, ਤਾਂ ਜੇ ਤੁਸੀਂ ਇੱਕ ਜਾਂ ਦੋ ਸਵਾਲ ਛੱਡ ਵੀ ਦਿੰਦੇ ਹੋ ਤਾਂ ਤੁਹਾਡੇ ਫਾਰਮ ਦੀ ਫਿਰ ਵੀ ਗਿਣਤੀ ਕਰ ਲਿੱਤੀ ਜਾਵੇਗੀ। ਜੇਕਰ ਤੁਸੀਂ ਬਥੇਰੇ ਸਵਾਲਾਂ ਨੂੰ ਛੱਡਦੇ ਹੋ ਜਾਂ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੰਦੇ, ਤਾਂ ਜਨਗਣਨਾ ਵਿਭਾਗ ਨਾਮੌਜੂਦ ਜਾਣਕਾਰੀ ਪੁੱਛਣ ਦੇ ਸਿਲਸਿਲੇ ਫੋਨ ਕਰ ਸਕਦਾ ਹੈ ਜਾਂ ਤੁਹਾਡੇ ਘਰ ਇੱਕ ਜਨਗਣਨਾ ਵਿਭਾਗ ਦੇ ਕਰਮਚਾਰੀ ਨੂੰ ਭੇਜ ਸਕਦਾ ਹੈ। ਜਿੰਨੇ ਤੁਸੀਂ ਘੱਟ ਸਵਾਲ ਛੱਡਦੇ ਹੋ, ਓਨੀ ਹੀ ਘੱਟ ਸੰਭਾਵਨਾ ਹੈ ਕਿ ਜਨਗਣਨਾ ਵਿਭਾਗ ਤੁਹਾਡੇ ਨਾਲ ਫਿਰ ਤੋਂ ਸੰਪਰਕ ਕਰੇਗਾ।

*ਤੁਸੀਂ www.CountUsIn2020.org/resources 'ਤੇ ਜਨਗਿਣਤੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।*